ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ, ਐਸ.ਏ.ਐਸ. ਨਗਰ।

(ਅਮਲਾ-5 ਸ਼ਾਖਾ)

ਆਨ-ਲਾਇਨ ਆਪਸ਼ਨ ਭਰਨ ਦੀ ਮਿਤੀ : 10-03-2019 ਅਤੇ ਸਮਾਂ : 16:59:15:903

ਹੁਕਮ ਨੰਬਰ:- 10/58-2018 ( RMSA/SSA/C&V) ਅਮਲਾ-5 (4) ਮਿਤੀ:10:07:2019

ਨਾਮ: ਤਜਿੰਦਰ ਕੌਰ

ਪਿਤਾ/ਪਤੀ ਦਾ ਨਾਮ: ਮਹਿੰਦਰ ਸਿੰਘ

ਸਕੂਲ ਦਾ ਨਾਮ: ਸ.ਮਾ.ਸ.ਸ.ਸ ਗੁੱਦਰ ਢਾਂਡੀ ( ਫਿਰੋਜ਼ਪੁਰ )।

ਪੰਜਾਬ ਸਰਕਾਰ ਸਿੱਖਿਆ ਵਿਭਾਗ ਵਲੋਂ ਸਰਵ ਸਿੱਖਿਆ ਅਭਿਆਨ / ਰਾਸ਼ਟਰੀ ਮਾਧਿਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ) ਅਧੀਨ ਸਾਰੇ ਕਾਡਰਾਂ (ਈ.ਟੀ.ਟੀ, ਪੀ.ਟੀ.ਆਈ. ਆਰਟ ਐਂਡ ਕਰਾਫਟ ਟੀਚਰ, ਮਾਸਟਰ, ਲੈਕਚਰਾਰ, ਹੈਡ ਮਾਸਟਰ ਅਤੇ ਪ੍ਰਿੰਸੀਪਲ) ਦੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ, ਪੰਜਾਬ ਸਰਕਾਰ ਵਿੱਚ ਸ਼ਾਮਿਲ/ਸਮਿਲਿਤ ਕਰਦੇ ਹੋਏ ਵਿਭਾਗ ਵਿੱਚ ਇਨ੍ਹਾਂ ਅਸਾਮੀਆਂ ਦੀ ਰਚਨਾ ਕਰਕੇ ਉਨ੍ਹਾ ਦੀਆਂ ਸੇਵਾਵਾਂ ਮਿਤੀ 01.04.2018 ਤੋਂ ਤਿੰਨ ਸਾਲਾਂ ਲਈ ਆਪਣੇ ਕਾਡਰ ਦੇ ਪੇਅ ਸਕੇਲ ਦੀ ਮੁੱਢਲੀ ਤਨਖਾਹ ਜਮਾ ਗਰੇਡ ਪੇਅ ਵਿੱਚ ਰੈਗੂਲਰ/ਨਿਯਮਤ ਕਰਨ ਦੀ ਅਧਿਸੂਚਨਾਂ ਨੰ: 1/62/12-3ਸਿ7/1330634/1 ਮਿਤੀ 09.10.2018 ਨੂੰ ਜਾਰੀ ਕੀਤੀ ਗਈ ਹੈ।

ਆਪ ਵਲੋਂ ਉਪਰੋਕਤ ਫੈਸਲੇ ਅਨੁਸਾਰ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਣ ਲਈ ਦਿੱਤੀ ਗਈ ਆਪਸ਼ਨ ਅਨੁਸਾਰ ਆਪ ਦੀਆਂ ਸੇਵਾਵਾਂ ਬਤੌਰ **ਆਰਟ ਐਂਡ ਕਰਾਫਟ ਟੀਚਰ (ਫਾਈਨ ਆਰਟਸ)** ਪੇ ਬੈਂਡ 10300-34800+ਗ੍ਰੇਡ ਪੇ 4400/- ਸਹਿਤ ਨਿਮਨ ਲਿਖਤ ਸ਼ਰਤਾਂ ਤਹਿਤ ਮਿਤੀ 01.04.2018 ਤੋਂ ਰੈਗੂਲਰਾਈਜ ਕਰਦੇ ਹੋਏ ਆਪ ਦੀ ਤੈਨਾਤੀ **ਸ.ਮਾ:ਸ:ਸ:ਸ: ਗੁਦਰ ਢਾਂਡੀ(ਫਿਰੋਜਪੁਰ)** ਵਿਖੇ ਕੀਤੀ ਜਾਂਦੀ ਹੈ। ਆਪ ਦੀ ਸੀਨੀਆਰਤਾ ਆਪਸ਼ਨ ਦੀ ਮਿਤੀ ਤੋਂ ਮੰਨੀ ਜਾਵੇਗੀ।

ਸ਼ਰਤਾਂ

1 ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ: 1/62/12-3ਸਿ7/1330634/1 ਮਿਤੀ:09.10.2018 ਤਹਿਤ 8886 ਭਰਤੀ ਕੀਤੇ ਗਏ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਗਈਆਂ ਸਨ, ਜਿਸ ਅਨੁਸਾਰ ਇਸ ਨਿਯੁਕਤੀ ਲਈ ਪਰਖ ਕਾਲ ਦਾ ਸਮਾਂ ਮਿਤੀ: 01.04.2018ਤੋਂ ਤਿੰਨ ਸਾਲਾਂ ਦਾ ਰੱਖਿਆ ਗਿਆ ਸੀ। ਹੁਣ ਪੰਜਾਬ ਸਰਕਾਰ ਸਿਖਿਆ ਵਿਭਾਗ (ਸਿਖਿਆ -7 ਸ਼ਾਖਾ) ਦੇ ਨੋਟੀਫਿਕੇਸ਼ਨ ਨੰ:1/62/2012-3ਸਿ7/15 ਮਿਤੀ: 08.03.2019 ਅਨੁਸਾਰ ਸਰਵ ਸਿਖਿਆ ਅਭਿਆਨ/ ਰਾਸ਼ਟਰੀ ਮਾਧਿਮਿਕ ਸਿਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ) ਦੇ ਅਧਿਆਪਕਾਂ ਦਾ ਪਰਖ ਕਾਲ ਸਮਾਂ ਤਿੰਨ ਸਾਲ ਤੋਂ ਘਟਾ ਕੇ ਦੋ ਸਾਲ ਕਰ ਦਿੱਤਾ ਗਿਆ ਹੈ,ਇਸ ਲਈਇਸ ਨਿਯੁਕਤੀ ਲਈ ਪਰਖ ਕਾਲ ਦਾ ਸਮਾਂ ਮਿਤੀ: 01.04.2018 ਤੋਂ ਦੋ ਸਾਲਾਂ ਦਾ ਹੋਵੇਗਾ। ਆਪ ਨੂੰ ਮਿਤੀ: 01.04.2018 ਤੋਂ ਦੋ ਸਾਲ ਆਪਦੇ ਕਾਡਰ ਦੇ ਉਕਤ ਅਨੁਸਾਰ ਦਰਸਾਈ ਪੇਅ ਸਕੇਲ ਦੀ ਮੁਢਲੀ ਤਨਖਾਹ + ਗ੍ਰੇਡ ਮਿਲਣਯੋਗ ਹੋਵੇਗੀ। ਦੋ ਸਾਲ ਦਾ ਪਰਖ ਕਾਲ ਦਾ ਸਮਾਂ ਪੂਰ ' ਹੋਣ ਉਪਰੰਤ ਉਕਤ ਅਨੁਸਾਰ ਪੇਅ ਸਕੇਲ ਵਿਚ ਸਾਰੇ ਭੱਤਿਆਂ ਸਮੇਤ ਪੂਰੀ ਤਨਖਾਹ ਮਿਲਣਯੋਗ ਹੋਵੇਗੀ।

2 ਆਪ ਦੇ ਖਿਲਾਫ ਕੋਈ ਪੁਲਿਸ ਤਫਤੀਸ/ਵਿਜੀਲੈਂਸ ਪੜਤਾਲ ਜਾਂ ਵਿਭਾਗੀ ਪੜਤਾਲ ਨਾ ਚੱਲ ਰਹੀ ਹੋਵੇ। ਇਸ ਸਬੰਧੀ ਆਪ ਵਲੋ ਸਵੈ-ਘੋਸ਼ਣਾ ਪੱਤਰ (Self Declaration) ਦਿੱਤਾ ਜਾਵੇਗਾ।

3 ਆਪ ਭਾਰਤ ਦੇ ਸੰਵਿਧਾਨ ਪ੍ਰਤੀ ਵਚਨਬੱਧ ਰਹਿਣ ਦੀ ਸਹੁੰ ਚੁੱਕਣ ਸਬੰਧੀ ਹਲਫਨਾਮਾ ਦੇਵੇਗਾ/ਦੇਵੇਗੀ।

4 ਆਪ **ਪੀ.ਟੀ.ਆਈ./ ਆਰਟ ਐਂਡ ਕਰਾਫਟ ਟੀਚਰ** ਲਈ ਸਬੰਧਤ ਵਿਸੇ ਦੀਆਂ ਨਿਰਧਾਰਤ ਅਕਾਦਮਿਕ ਅਤੇ ਪ੍ਰੋਫੈਸਨਲ ਯੋਗਤਾਵਾਂ ਪੂਰੀਆਂ ਕਰਦਾ/ਕਰਦੀ ਹੋਵੇ। ਜੇਕਰ ਕੋਈ ਸਰਟੀਫਿਕੇਟ, ਦਸਤਾਵੇਜ ਜਾਅਲੀ ਜਾਂ ਯੂ.ਜੀ.ਸੀ. ਵੱਲੋਂ ਨਿਰਧਾਰਿਤ ਸ਼ਰਤਾ ਅਨੁਸਾਰ ਠੀਕ ਨਹੀਂ ਪਾਇਆ ਜਾਂਦਾ ਹੈ ਤਾਂ ਆਪ ਨੂੰ ਬਿਨ੍ਹਾਂ ਕਿਸੇ ਕਾਰਨ ਦੱਸੋ ਨੋਟਿਸ ਦੇ ਸੇਵਾ ਤੋਂ ਬਰਖਾਸਤ ਕਰ ਦਿਤਾ ਜਾਵੇਗਾ।

5 ਜੇਕਰ ਆਪ ਕਿਸੇ ਮੌਕੇ ਤੇ ਆਪਣੀ ਨੌਕਰੀ ਤੋਂ ਅਸਤੀਫਾ ਦੇਣਾ ਚਾਹੋ ਤਾਂ ਇਹ ਲਾਜ਼ਮੀ ਹੋਵੇਗਾ ਕਿ ਆਪ ਵਿਭਾਗ ਨੂੰ ਇੱਕ ਮਹੀਨੇ ਦਾ ਨੋਟਿਸ ਦੇਵੋਗੇ ਜਾਂ ਉਸ ਦੇ ਬਦਲੇ ਸਾਰੇ ਭੱਤਿਆਂ ਸਮੇਤ ਇੱਕ ਮਹੀਨੇ ਦੀ ਜਾਂ ਜਿਨ੍ਹਾਂ ਸਮਾਂ ਇੱਕ ਮਹੀਨੇ ਤੋਂ ਘੱਟ ਹੋਵੇ, ਦੀ ਤਨਖਾਹ ਵਿਭਾਗ ਨੂੰ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੋਗੇ।

6 ਆਪ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ ਦੁਆਰਾ ਸੌਂਪੀ ਗਈ ਕੋਈ ਵੀ ਜਿੰਮੇਵਾਰੀ, ਜਿਸ ਵਿੱਚ ਇਨਵਿਜੀਲੇਟਰ, ਸੁਪਰਵਾਈਜਰ, ਸੁਪਰਡੰਟ, ਸਬ ਐਗਜਾਮੀਨਰ, ਹੈਡ ਐਗਜਾਮੀਨਰ ਜਾਂ ਸਕੂਲ ਦੇ ਕੰਟਰੋਲਰ ਆਦਿ ਵੱਜੋਂ ਦਿੱਤੀ ਸ਼ਾਮਿਲ ਰਹੇਗੀ, ਹੋਰ ਸਕੂਲ ਦੀਆਂ ਜਿੰਮੇਵਾਰੀਆਂ ਦੇ ਇੱਕ ਹਿੱਸੇ ਵੱਜੋ ਨਿਭਾਉਣ ਲਈ ਪਾਬੰਦ ਹੋਵੋਗੇ।

7 ਆਪ ਨੂੰ ਨਿਯੁੱਕਤੀ ਵਾਲੀ ਥਾਂ ਤੇ ਹਾਜਰ ਹੋਣ ਲਈ ਕੋਈ ਟੀ.ਏ/ਡੀ.ਏ ਨਹੀਂ ਦਿੱਤਾ ਜਾਵੇਗਾ।

8 ਆਪ ਪਹਿਲਾਂ ਪ੍ਰਵਾਨਗੀ ਲਏ ਬਿਨ੍ਹਾਂ ਕਿਸੇ ਪ੍ਰਕਾਰ ਦੀ ਉਚੇਰੀ ਸਿੱਖਿਆ ਹਾਸਲ ਨਹੀਂ ਕਰੋਗੇ।

9 ਸਰਕਾਰ ਵੱਲੋਂ ਜਾਰੀ ਕੀਤੀ ਨੋਟੀਫਿਕੇਸ਼ਨ ਨੰ: 11/9402-4ਪੀ.ਪੀ 2/650 ਮਿਤੀ 12.01.2004 ਅਨੁਸਾਰ ਇਸ ਨਿਯੁਕਤੀ ਤੇ ਨਿਊ ਕੰਟਰੀਬਿਊਟਰੀ ਪੈਨਸਨ ਸਕੀਮ ਲਾਗੂ ਹੋਵੇਗੀ।

10 ਆਪ ਨੂੰ ਠੇਕੇ ਦੇ ਅਧਾਰ ਤੇ ਕੀਤੀ ਗਈ ਨੌਕਰੀ ਦਾ ਕੋਈ ਲਾਭ ਨਹੀਂ ਮਿਲੇਗਾ ਸਗੋਂ ਉਕਤ ਗ੍ਰੇਡ ਦੇ ਮੁੱਢਲੇ ਪੜਾਅ ਤੇ ਨਵੀਂ ਨਿਯੁੱਕਤੀ ਵਜੋਂ ਨਿਯੁੱਕਤੀ ਮਿਲੀ ਮੰਨਿਆ ਜਾਵੇਗਾ।

11 ਆਪ ਨੂੰ ਪੰਜਾਬ ਸਰਕਾਰ ਕਰਮਚਾਰੀ ਆਚਰਣ ਨਿਯਮਾਂਵਲੀ 1966 ਅਤੇ ਪੰਜਾਬ ਸਿਵਲ ਸਰਵਿਸਜ (ਦੰਡ ਅਤੇ ਅਪੀਲ) ਰੂਲਜ 1970 ਵਿੱਚ ਦਰਜ ਧਾਰਾਵਾਂ ਅਤੇ ਸਮੇਂ-ਸਮੇਂ ਤੇ ਇਨ੍ਹਾਂ ਵਿੱਚ ਹੁੰਦੀਆਂ ਸੋਧਾਂ ਅਨੁਸਾਰ ਪਾਬੰਦ ਰਹਿਣਾ ਪਵੇਗਾ।

12 ਮਾਨਯੋਗ ਸੁਪਰੀਮ ਕੋਰਟ/ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਪੈਂਡਿੰਗ ਕਿਸੇ ਐਸ.ਐਲ.ਪੀ./ਰਿੱਟ ਪਟੀਸਨਾਂ ਦਾ ਜੋ ਅੰਤਿਮ ਫੈਸਲਾ ਹੋਵੇਗਾ ਇਹਨਾਂ ਕਰਮਚਾਰੀਆਂ ਤੇ ਲਾਗੂ ਹੋਵੇਗਾ।

13 ਆਪ ਦੀ ਸੀਨੀਆਰਤਾ ਨੋਟੀਫਿਕੇਸ਼ਨ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ।

14 ਆਪ ਪੰਜਾਬ ਰਾਜ ਵਿੱਚ ਕਿਸੇ ਵੀ ਸਕੂਲ ਵਿੱਚ ਸੇਵਾਵਾਂ ਪ੍ਰਦਾਨ ਕਰਨ ਲਈ ਪਾਬੰਦ ਹੋਵੋਗੇ।

ਸੁਖਜੀਤ ਪਾਲ ਸਿੰਘ,
ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

ਪਿੱਠ ਅੰਕਣ ਨੰ: 10/58-2018 (RMSA/SSA/C&V) ਅਮਲਾ-5 (4) 2019/98881
ਮਿਤੀ :- 10-7-19

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਸਬੰਧਤ ਜਿਲਾ ਸਿੱਖਿਆ ਅਫਸਰ(ਸੈਸਿ) ਕਰਮਚਾਰੀਆਂ ਪੀ.ਪੀ.ਓ. ਨੰਬਰ ਹਦਾਇਤਾਂ ਅਨੁਸਾਰ ਜਾਰੀ ਕਰਦੇ ਹੋਏ ਇਸ ਦਫ਼ਤਰ ਨੂੰ ਸੂਚਿਤ ਕਰਨਾ ਯਕੀਨੀ ਬਣਾਉਣਗੇ।
2. ਸਬੰਧਤ ਪ੍ਰਿੰਸੀਪਲ /ਸਕੂਲ ਮੁੱਖੀ।
3. ਸਬੰਧਤ ਉਮੀਦਵਾਰ।

ਸਹਾਇਕ ਡਾਇਰੈਕਟਰ (ਸ:ਪ੍ਰ:-2)

Scanned by CamScanner